ਪੰਜਾਬ ਸਰਕਾਰ
ਸਥਾਨਕ ਸਰਕਾਰ, ਵਿਭਾਗ
(ਲੇਖਾ ਸਾਖਾ)

451
16/9/13

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਬਟਾਲਾ।
ਨੰ: ਲੇਖਾ-6-ਉਕਵਲ-ਡਸਸ-13/28877
ਮਿਤੀ: 03-09-13

ਵਿਸਾ:- ਨਗਰ ਕੌਂਸਲ, ਬਟਾਲਾ ਦਾ ਬਜਟ ਸਾਲ 2013-14 ਸੰਬਧੀ।

********

ਉਪਰੋਕਤ ਵਿਸੇ ਦੇ ਹਵਾਲੇ ਵਿੱਚ।

2. ਉਕਤ ਸਥਾਨਕ ਸੰਸਥਾ ਦਾ ਬਜਟ ਅਨੁਮਾਨ ਸਾਲ 2013-14 ਇਸ ਵਿਭਾਗ ਵਿਖੇ ਪ੍ਰਵਾਨਗੀ ਲਈ ਪ੍ਰਾਪਤ ਹੋਇਆ ਹੈ। ਸਥਾਨਕ ਸੰਸਥਾਂ ਵਲੋਂ ਸਾਲ 2013-14 ਲਈ ਅਸਲ ਆਮਦਨ ਅਤੇ ਖਰਚਾ ਹੇਠ ਅਨੁਸਾਰ ਦਰਸਾਇਆ ਗਿਆ ਹੈ :-

ਬਜਟ ਐਸਟੀਮੇਟ (2013-14) (ਰਕਮ ਲੱਖਾਂ ਵਿੱਚ)

| ਆਮਦਨ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2013 ਨੂੰ ਮੁੱਢਲਾ ਬਕਾਇਆ<br>(ਕੈਸ ਬੁੱਕ ਅਨੁਸਾਰ ਝੰਡੀ-ਸ) | 33.94 |
| ਸਾਲ 2013-14 ਲਈ ਆਮਦਨ | 2480.80 |
| ਕੁਲ | **2514.74** |
| ਖਰਚਾ | |
| ੳ) ਅਮਲਾ :<br>(I) ਕੇਵਲ ਮੌਜੂਦਾ ਪੋਸਟਾ ਅਤੇ ਏਰੀਅਰ ਲਈ :<br>(II) ਪੈਨਸਨ ਕੰਟਰੀਬਿਉਸਨ / ਰਿਟਾਇਰਮੈਂਟ ਬੈਨੀਫਿੱਟ :<br>(ਗਰੈਚੂਟੀ ਅਤੇ ਲੀਵ ਇੰਨਕੈਸਮੈਂਟ ) | 1700.00 |
| ਅ) ਕੰਟੀਜੈਸੀ: | 49.40 |
| ੲ) ਵਿਕਾਸ ਦੇ ਕੰਮਾਂ ਲਈ:<br>ਕਮਿਟਡ :437.00<br>ਨਾਨ-ਕਮਿਟਡ :240.00 | 677.00 |
| ਕੁਲ | **2426.40** |
| ਮਿਤੀ 31/3/2014 ਲਈ ਅੰਤਿਮ ਬਕਾਇਆ | 88.34 |
| ਕੁਲ | **2514.74** |

ਆਮਦਨ- ਇਸ ਮੱਦ ਅਧੀਨ ਸਾਲ 2013-14 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ 2480.80 ਲੱਖ ਰੁਪਏ ਪ੍ਰਵਾਨ ਕੀਤੀ ਜਾਂਦੀ ਹੈ -

| ਲੜੀ ਨੰ | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1 | 2 | 3 |
| 1 | ਹਾਉਸ ਟੈਕਸ | 119.00 |
| 2 | ਵੈਟ | 1242.00 |
| 3 | ਬਿਜਲੀ ਤੇ ਚੂੰਗੀ | 130.00 |
| 4 | ਐਕਸਾਈਜ ਡਿਊਟੀ | 112.00 |
| 5 | ਵਾਟਰ ਰੇਟ/ਸੀਵਰੇਜ | 108.41 |
| 6 | ਬਿਲਡਿੰਗ ਐਪਲੀਕੇਸਨ ਫੀਸ | 100.00 |
| 7 | ਬੱਸ ਅੱਡਾ ਫੀਸ | 26.53 |
| 8 | ਲਾਇਸੰਸ ਫੀਸ/ਵਿਗਿਆਪਨ | 8.00 |
| 8. | ਤਹਿਬਜਾਰੀ/ਕਿਰਾਇਆ | 1.79 |

| | | |
|---|---|---|
| 9. | ਅਦਰਜ | 9.00 |
| 10. | ਕਿਰਾਇਆ | 13.72 |
| 11. | ਸੇਲ ਆਫ ਪ੍ਰਾਪਰਟੀ | 500.00 |
| 12. | ਸਲਾਟਰ ਹਾਊਸ | 0.30 |
| 13. | ਮੈਟਰਨਿਟੀ ਹਸਪਤਾਲ | 0.05 |
| 14. | ਪ੍ਰਾਪਰਟੀ ਟੈਕਸ | 110.00 |
| | ਕੁਲ ਜੋੜ | **2480.80** |

**ਖਰਚਾ:**

**ਅਮਲਾ:** ਅਮਲਾ ਹੈਡ ਅਧੀਨ 1700.00 ਲੱਖ ਰੁਪਏ ਪ੍ਰਵਾਨ ਕੀਤੇ ਜਾਂਦੇ ਹਨ। ਬਜਟ ਵਿੱਚ ਖਾਲੀ ਪੋਸਟਾਂ ਦਾ ਖਰਚਾ ਪ੍ਰਵਾਨ ਨਹੀਂ ਕੀਤਾ ਗਿਆ ਹੈ ਜਦੋਂ ਅਸਾਮੀਆਂ ਦੀ ਭਰਤੀ ਕੀਤੀ ਜਾਵੇਗੀ ਉਸ ਸਮੇਂ ਖਰਚਾ ਪ੍ਰਵਾਨ ਕਰਵਾ ਲਿਆ ਜਾਵੇ। ਇਸ ਮੱਦ ਅਧੀਨ ਪ੍ਰਵਾਨ ਹੋਇਆ ਖਰਚਾ ਕੇਵਲ ਮੌਜੂਦਾ ਪੋਸਟਾ ਲਈ, ਪੈਨਸਨ ਕੰਟਰੀਬਿਊਸਨ ਲਈ, 5 ਵੇਂ ਪੇ-ਕਮਿਸਨ ਦੇ ਬਕਾਏ ਦਾ 30% ਏਰੀਅਰ ਦੇਣ ਲਈ ਵਰਤਿਆ ਜਾਵੇਗਾ। ਇਸ ਤੋ ਇਲਾਵਾ ਜੇਕਰ ਸਰਕਾਰ ਨਗਰ ਕੌਸਲ ਨੂੰ ਕੋਈ ਨਵੀਂ ਪੋਸਟ ਦੀ ਪ੍ਰਵਾਨਗੀ ਦਿੰਦੀ ਹੈ ਤਾਂ ਉਸ ਦੇ ਸੋਧੇ ਬਜਟ ਅਨੁਮਾਨਾਂ, ਨਾਲ ਨਗਰ ਕੌਸਲ ਵਲੋਂ ਪਾਸ ਮਤਾ/ਸਰਕਾਰ ਵਲੋਂ ਪਾਸ ਮਤਾ/ਪੂਰਾ ਪੋਸਟਾਂ ਦਾ ਵੇਰਵਾ ਸਮੇਤ ਸਕੇਲ ਅਤੇ ਮਿਲਣ ਵਾਲੇ ਭੱਤਿਆਂ ਨੂੰ ਮਿਲਾ ਕੇ ਸਾਲ 2013-14 ਦੌਰਾਨ ਦੇਣ ਵਾਲੀ ਤਨਖਾਹ ਦਾ ਤਖਮੀਨਾ ਭੇਜਿਆ ਜਾਵੇ। ਕੋਈ ਵੀ ਅਸਾਮੀ ਬਿਨਾਂ ਪੂਰਵ ਪ੍ਰਵਾਨਗੀ ਤੋ ਆਪਣੇ ਪੱਧਰ ਤੇ ਨਾ ਭਰੀ ਜਾਵੇ। ਲੰਬਿਤ ਦੇਣਦਾਰੀਆਂ ਪਹਿਲ ਦੇ ਆਧਾਰ ਤੇ ਅਦਾ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

**ਕੰਟੀਜੈਂਸੀ:-** ਇਸ ਮੱਦ ਅਧੀਨ ਸਾਲ 2013-14 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 49.40 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਲੜੀ ਨੰ | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1 | 2 | 3 |
| 1 | ਸਟੇਸਨਰੀ | 3.50 |
| 2 | ਪੈਟਰੋਲ ਅਤੇ ਵਹੀਕਲ | 15.00 |
| 3 | ਕੰਪਿਊਟਰ | 1.00 |
| 4 | ਟੈਲੀਫੋਨ | 0.70 |
| 5 | ਬਿਜਲੀ ਦੇ ਬਿਲ | 6.00 |
| 6 | ਅਦਰਜ | 18.20 |
| 7. | ਓ ਐਂਡ ਐਮ | 5.00 |
| | ਕੁਲ ਜੋੜ | **49.40** |

**ਵਿਕਾਸ:-** ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ (ਕਮਿਟਡ ਅਤੇ ਨਾਨ ਕਮਿਟਡ) ਲਈ ਕੁਲ ਖਰਚਾ 677.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਲੜੀ ਨੰ | ਹੈਡ ਦਾ ਨਾਮ (ਕਮਿਟਡ) | ਵਿਭਾਗ ਦੀ ਪ੍ਰਵਾਨਗੀ |
|---|---|---|
| 1 | 2 | 3 |
| 1. | ਸਟਰੀਟ ਲਾਈਟ | 90.00 |
| 2 | ਟਿਊਬਵੈਲ ਬਿਲ/ਸੀਵਰੇਜ | 100.00 |
| 3. | ਬਿਜਲੀ ਦਾ ਰੱਖ ਰਖਾਵ | 30.00 |
| 4. | ਡਾਇਰੈਕਟੋਰੇਟ ਚਾਰਜਿਜ | 156.00 |
| 5. | ਵਾਟਰ ਸਪਲਾਈ/ਸੀਵਰੇਜ ਦਾ ਰੱਖ ਰਖਾਵ | 56.00 |
| 6. | ਐਮ.ਸੀ ਬਿਲਡਿੰਗ ਦੀ ਉਸਾਰੀ | 5.00 |
| | ਜੋੜ | **437.00** |
| | ਨਾਨ ਕਮਿਟਡ | |
| 1. | ਸੜਕਾਂ ਲਈ | 30.00 |
| 2 | ਨਾਲੀਆਂ ਲਈ | 25.00 |
| 3. | ਗਲੀਆਂ ਲਈ | 20.00 |

| | | |
|---|---|---|
| 4. | ਮਸੀਨਰੀ ਦੀ ਖਰੀਦ | 20.00 |
| 5. | ਮਿਸਲੀਨੀਅਸ | 20.00 (0) |
| 6. | ਪੁਰਾਣੀਆਂ ਦੇਣਦਾਰੀਆਂ | 50.00 |
| 7. | ਸੈਨੀਟੇਸਨ ਕੰਟਰੈਕਟ | 72.00 |
| 8. | 52 (1) ਬੀ | 3.00 |
| | **ਜੋੜ** | **240.00** |

ਮਿਤੀ 31/3/2014 ਲਈ ਅੰਤਮ ਬਕਾਇਆ ਰੁਪਏ 88.34 ਲੱਖ ਰੁਪਏ ਨਿਸਚਿਤ ਗਿਆ ਹੈ। ਕਾਰਜ ਸਾਧਕ ਅਫਸਰ, ਨਗਰ ਕੌਂਸਲ, ਬਟਾਲਾ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2013-14 ਲਈ ਨਿਸਚਿਤ ਕੀਤੀ ਗਈ ਆਮਦਨ ਦੇ ਟੀਚੇ ਨੂੰ ਹਰ ਹਾਲਤ ਵਿੱਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਆਮਦਨ ਦੇ ਸਨਮੁੱਖ ਕੀਤਾ ਜਾਵੇ । ਸਾਲ ਦੇ ਅੰਤ ਤੇ ਤਜਵੀਜਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ ।

ਸ਼ਰਤਾਂ:-

1. ਸਾਲ 2013-14 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਕਾਰਜ ਸਾਧਕ ਅਫਸਰ ਦੀ ਜ਼ੁੰਮੇਵਾਰੀ ਹੋਵੇਗੀ ।
2. ਨਗਰ ਕੌਂਸਲ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ ।
3. ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ।
4. ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ ।
5. ਕੋਈ ਨਵੀਂ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਭਰੀ ਜਾਵੇ ।
6. ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ ।
7. ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ ।
8. ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸੇਸ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ।
9. ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿੱਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ ।
10. ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਕੌਂਸਲ ਦੀ ਕੁਲ ਆਮਦਨ ਦਾ 1% ਦੀ ਰਾਸੀ ਦਾ ਉਪਬੰਧ ਕੀਤਾ ਜਾਂਦਾ ਹੈ ।
11. ਵਿਕਾਸ : ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ । ਹਰ ਹਾਲਤ ਵਿੱਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾਂ ਅਤੇ ਮਿਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ । ਗਰਾਂਟ ਦਾ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ । ਕੌਂਸਲ ਵੱਲੋਂ ਹਰ ਸਾਲ ਅਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ । ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿੱਚ ਕੀਤਾ ਜਾਵੇ ।
12. ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ ।
13. ਸਾਲ 2013-14 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ ।
14. ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ, ਜੀ.ਪੀ.ਫੰਡ ਦੀ ਅਦਾਇਗੀ, ਪੈਨਸਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ.ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ ।
15. ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸਾ-ਨਿਰਦੇਸਾਂ ਦੀ ਪਾਲਣਾ ਕੀਤੀ ਜਾਵੇ ।
16. ਸਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ ।

17. ਸਾਲ 2013-14 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਕੌਂਸਲ ਦੇ ਵਿਕਾਸ ਦੇ ਫੰਡ ਵਿੱਚੋਂ ਸਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।

18. ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜੇਸਨ ਕਰਨ ਲਈ ਬਜਟ ਦੇ ਫੰਡਾਂ ਵਿੱਚੋਂ ਆਪ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬਰਾਂਚਾਂ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸਨ ਹਰ ਹਾਲਤ ਵਿੱਚ ਕੀਤੀ ਜਾਵੇ ।

19. ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਉਪ-ਕੰਟਰੋਲਰ (ਵਿੱਤ ਤੇ ਲੇਖਾ)

ਪਿੱਠ ਅੰਕਣ ਨੰ:ਲੇਖਾ-6-ਉਕਵਲ-ਡਸਸ-13/ ਮਿਤੀ:

ਇਸ ਦਾ ਇੱਕ ਉਤਾਰਾ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਅੰਮ੍ਰਿਤਸਰ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਉਪ-ਕੰਟਰੋਲਰ (ਵਿੱਤ ਤੇ ਲੇਖਾ)